# ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸੱਚਾਈਆਂ : ਪ੍ਰਮਾਣਿਕ ਚੁਣੌਤੀਆਂ

ਵੰਨ ਵੌਇਸ ਕੈਨੇਡਾ (One Voice Canada) ਵਲੋਂ ਇੱਕ ਰਿਪੋਰਟ
ਜਨਵਰੀ 2021

## ਸੰਖੇਪ ਸਾਰ


ਅੰਤਰਰਾਸ਼ਟਰੀ ਸਿੱਖਿਆ ਕੈਨੇਡਾ ਲਈ ਬਹੁਤ ਲਾਹੇਵੰਦ ਹੈ ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰਾਹੀਂ ਕਮਾਏ ਜਾਣ ਵਾਲੇ ਮੁਨਾਫੇ ਦੀ ਇੱਕ ਵੱਡੀ ਸਮਾਜਿਕ ਕੀਮਤ ਹੈ। ਵੰਨ ਵੌਇਸ ਕੈਨੇਡਾ (One Voice Canada) ਵਲੋਂ ਤਿਆਰ ਕੀਤੀ ਰਿਪੋਰਟ 'ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸੱਚਾਈਆਂ : ਪ੍ਰਮਾਣਿਕ ਚੁਣੌਤੀਆਂ' ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੁਆਰਾ ਆਏ ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਉੱਤੇ ਚਾਨਣਾ ਪਾਉਂਦੀ ਹੈ।

ਭਾਰਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਭ ਤੋਂ ਵੱਡੇ ਸਰੋਤ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ 'ਚੋਂ ਇੱਕ ਵੱਡਾ ਹਿੱਸਾ ਪੰਜਾਬ ਸੂਬੇ ਤੋਂ ਆਉਂਦਾ ਹੈ। ਪੰਜਾਬ ਵਿੱਚ ਕੀਤੇ ਗਏ ਇੱਕ ਸਰਵੇਖਣ ਨੇਂ ਦਰਸਾਇਆ ਕਿ ਓਥੋਂ ਆਉਣ ਵਾਲੇ ਸੰਭਾਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਇੱਕ ਖਾਸਾ ਹਿੱਸਾ ਘੱਟ ਜਾਂ ਮੱਧ ਦਰਜੇ ਦੀ ਕਮਾਈ ਵਾਲੇ ਪਰਿਵਾਰਾਂ ਵਿੱਚੋਂ ਹੈ। ਇਹਨਾਂ ਪਰਿਵਾਰਾਂ ਵਲੋਂ ਆਪਣੇ ਬੱਚੇ ਨੂੰ ਮਹਿੰਗੀ ਕੈਨੇਡੀਅਨ ਸਿੱਖਿਆ ਲਈ ਭੇਜਣ ਦਾ ਪ੍ਰੇਰਨਾ ਸਰੋਤ ਇਹ ਹੁੰਦਾ ਹੈ ਕਿ ਉਹਨਾਂ ਦੇ ਪਰਿਵਾਰ ਦੀ ਆਰਥਿਕ ਹਾਲਤ ਸੁਧਰ ਜਾਵੇ।

ਕੈਨੇਡਾ ਦੇ ਪੋਸਟ-ਸੈਕੰਡਰੀ ਸਕੂਲ ਵਿਦੇਸ਼ੀ ਸਲਾਹਕਾਰ ਨੂੰ ਉਸ ਵੱਲੋਂ ਸਕੂਲ ਵਿੱਚ ਦਾਖ਼ਿਲ ਕਰਾਏ ਹਰ ਵਿਦਿਆਰਥੀ ਲਈ ਕਮਿਸ਼ਨ ਦੇਂਦੇ ਹਨ। ਇਸ ਆਰਥਿਕ ਢਾਂਚੇ ਨੇਂ ਪੰਜਾਬ ਵਿੱਚ ਇੱਕ ਉਦਯੋਗ ਨੂੰ ਜਨਮ ਦਿੱਤਾ ਹੈ ਜੋ ਕੈਨੇਡਾ ਦਾ ਸਟੱਡੀ ਵੀਜ਼ਾ ਲੈ ਕੇ ਓਥੇ ਹੀ ਸਥਾਪਿਤ ਹੋਣ ਦੇ ਚਾਹਵਾਨ ਨੌਜਵਾਨਾਂ ਦਾ ਪਰਿਚਾਲਨ ਕਰਦਾ ਹੈ। ਇਹਨਾਂ ਵਲੋਂ ਪ੍ਰਚਾਰਿਤ ਕੈਨੇਡੀਅਨ ਸਿੱਖਿਆ ਨੂੰ ਓਥੇ ਸਥਾਈ ਰਿਹਾਇਸ਼ ਲੈਣ ਦੇ ਮਾਧਿਅਮ ਵਜੋਂ ਵਰਤਣ ਦਾ ਤਰੀਕਾ ਏਨਾ ਅਸਰਦਾਰ ਹੈ ਕਿ ਬਹੁਤ ਪਰਿਵਾਰ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਲਈ ਕਰਜ਼ੇ ਲੈ ਰਹੇ ਹਨ।

ਕੈਨੇਡਾ ਵਿੱਚ ਕਾਰੋਬਾਰੀ ਅਤੇ ਜਨਤਕ ਵਿਆਜ ਦਰਾਂ ਅੰਤਰਰਾਸ਼ਟਰੀ ਸਿੱਖਿਆ ਉੱਤੇ ਨਿਰਭਰ ਹੋ ਗਈਆਂ ਹਨ। 2010 ਵਾਲੇ ਦਹਾਕੇ 'ਚ ਪੂਰੇ ਦੇਸ਼ ਵਿੱਚ ਇਮੀਗਰੇਸ਼ਨ ਸਲਾਹਕਾਰਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਵਰਤਣ ਵਾਲੇ ਨਿੱਜੀ (ਪ੍ਰਾਈਵੇਟ) ਕਾਲਜਾਂ ਦੀ ਵੀ ਇੱਕ ਚੰਗੀ ਗਿਣਤੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਆਉਣ ਵਾਲੀ ਆਮਦਨ ਕਰਕੇ ਬੀ.ਸੀ. ਅਤੇ ਓਨਟੈਰੀਓ ਸਰਕਾਰਾਂ ਨੇਂ ਪੋਸਟ-ਸੈਕੰਡਰੀ ਸਕੂਲਾਂ ਨੂੰ ਆਪਣੇ ਵੱਲੋਂ ਦਿੱਤੇ ਜਾਣ ਵਾਲੀ ਮਦਦ ਦਾ ਹਿੱਸਾ ਘਟਾ ਦਿੱਤਾ ਹੈ।

ਇਸ ਸੰਦਰਭ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਨਜ਼ਰੀਆ ਅਤੇ ਉਹਨਾਂ ਦੇ ਤਜਰਬਿਆਂ ਉੱਤੇ ਗੌਰ ਕਰਨ ਦੀ ਲੋੜ ਹੈ ਕਿਉਂਕਿ ਉਹ ਕੈਨੇਡਾ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਇਹਨਾਂ ਵਿੱਚੋਂ ਸਭ ਤੋਂ ਵੱਡਾ ਬੋਝ ਆਰਥਿਕ ਹੈ ਜਿਸ ਦਾ ਕਾਰਨ ਭਾਰੀ ਫੀਸਾਂ ਅਤੇ ਵੱਡੇ ਸ਼ਹਿਰਾਂ ਦੇ ਰਿਹਾਇਸ਼ੀ ਖ਼ਰਚੇ ਹਨ। ਇੱਕ ਤਾਜ਼ਾ ਸਰਵੇਖਣ ਤੋਂ ਨਤੀਜਾ ਨਿਕਲਿਆ ਕਿ ਸਵਾਲ ਪੁੱਛੇ ਜਾਣ ਵਾਲੇ 10 ਵਿੱਚੋਂ 9 ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਖ਼ਰਚਿਆਂ ਪ੍ਰਤੀ ਚਿੰਤਤ ਹਨ।

ਇਸ ਆਰਥਿਕ ਬੋਝ ਨੂੰ ਸਾਂਭਣ ਲਈ ਬਹੁਤ ਅੰਤਰਰਾਸ਼ਟਰੀ ਵਿਦਿਆਰਥੀ ਗੈਰਕਾਨੂੰਨੀ ਤੌਰ ਤੇ ਕੰਮ ਕਰ ਰਹੇ ਹਨ। ਇਸ ਨਾਲ ਉਹ ਆਪਣੇ ਆਪ ਨੂੰ ਕਮਜ਼ੋਰ ਹਾਲਾਤ ਵਿੱਚ ਪਾ ਲੈਂਦੇ ਹਨ ਅਤੇ ਬਹੁਤੇ ਸ਼ੋਸ਼ਣ ਤੋਂ ਪੀੜਿਤ ਹੁੰਦੇ ਹਨ। ਕੈਨੇਡਾ ਭਰ ਦੇ ਭਾਈਚਾਰਿਆਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਕਾਫੀ ਪ੍ਰਚਲਿਤ ਹੋ ਗਿਆ ਹੈ। ਮਹਿਲਾ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਆਰਥਿਕ ਨਿਰਭਰਤਾ ਵਾਲੇ ਹਾਲਾਤ ਜ਼ਿਆਦਾ ਬੇਚੈਨ ਕਰਨ ਵਾਲੇ ਹਨ ਕਿਉਂਕਿ ਉਹਨਾਂ ਦੇ ਜਿਨਸੀ ਸ਼ੋਸ਼ਣ ਅਤੇ ਹਿੰਸਾ ਦੇ ਆਸਾਰ ਵਧ ਜਾਂਦੇ ਹਨ।

ਕੈਨੇਡਾ ਵਿੱਚ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋਣਾ ਬਹੁਤ ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮਾਨਸਿਕ ਭਲਾਈ ਉੱਤੇ ਵੀ ਅਸਰ ਪਾ ਰਿਹਾ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਆਤਮਹੱਤਿਆਵਾਂ ਇੱਕ ਪਰੇਸ਼ਾਨ ਕਰਨ ਵਾਲਾ ਰੁਝਾਨ ਬਣ ਗਿਆ ਹੈ। ਇਹ ਪਿਛਲੇ ਦਹਾਕੇ ਵਿੱਚ ਆਸਟਰੇਲੀਆ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਤਮਹੱਤਿਆ ਦੀ ਸਮੱਸਿਆ ਵਾਂਗ ਹੈ। ਕੋਵਿਡ-19 ਦੇ ਆਰਥਿਕ ਪ੍ਰਭਾਵਾਂ ਨੇਂ ਇਸ ਸਮੱਸਿਆ ਵਿੱਚ ਵਾਧਾ ਹੀ ਕੀਤਾ ਲਗਦਾ ਹੈ।

ਸਰਕਾਰਾਂ ਇਹਨਾਂ ਚਰਚਿਤ ਮੁੱਦਿਆਂ ਪ੍ਰਤੀ ਸੁਚੇਤ ਹਨ। ਸਰਕਾਰੀ ਅਧਿਐਨਾਂ ਨੇਂ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀਆਂ ਘਾਟਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਕਮਜ਼ੋਰ ਹਾਲਾਤਾਂ ਦੀ ਪਛਾਣ ਕੀਤੀ ਹੈ। ਪਰ ਹਾਲੇ ਤੱਕ ਇਸ ਸਮੱਸਿਆ ਦੇ ਬੁਨਿਆਦੀ ਕਾਰਨਾਂ ਨੂੰ ਸੰਬੋਧਿਤ ਕਰਦੇ ਸੁਧਾਰ ਦੇ ਉਪਾਅ ਜਨਤਕ ਨਹੀਂ ਕੀਤੇ ਗਏ ।

ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਵਿੱਚ ਇਮਾਨਦਾਰੀ ਲਿਆਉਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਲਾਈ ਲਈ ਵੰਨ ਵੌਇਸ (One Voice) ਹੇਠਲੇ ਸੁਝਾਅ ਪੇਸ਼ ਕਰਦੀ ਹੈ:

1. 2014 ਤੋਂ 2020 ਵਿਚਾਲੇ ਦੇ ਸਾਲਾਂ ਦੌਰਾਨ ਦੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਇੱਕ ਵਿਆਪਕ ਪੜਤਾਲ ਕੀਤੀ ਜਾਵੇ ।
2. ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਟਿਊਸ਼ਨ ਫੀਸ ਨੂੰ ਘਟਾਇਆ ਅਤੇ ਨਿਯਮਤ ਕੀਤਾ ਜਾਵੇ।
3. ਪੋਸਟ-ਸੈਕੰਡਰੀ ਅੰਤਰਰਾਸ਼ਟਰੀ ਵਿਦਿਆਰਥੀ ਅਦਾਰਿਆਂ ਵਿੱਚ ਵਿਸ਼ੇਸ਼ ਸੇਵਾਵਾਂ ਮੁਹੱਈਆ ਕਰਾਉਣ ਲਈ ਫੰਡਿਗ ਅਤੇ ਸਿਖਲਾਈ ਵਧਾਈ ਜਾਵੇ।

ਅੰਤਲਾ ਵਿਚਾਰ ਇਹ ਹੈ ਕਿ ਪਛਾਣੀ ਗਈ ਸਮੱਸਿਆ ਦੇ ਮੁੱਢਲੇ ਕਾਰਨਾਂ ਨੂੰ ਸੰਬੋਧਿਤ ਕਰਦੇ ਸੁਧਾਰਾਂ ਦੀ ਗੈਰਹਾਜ਼ਰੀ ਵਿੱਚ ਇਹਨਾਂ ਮਸਲਿਆਂ ਦਾ ਘਟਣਾ ਮੁਸ਼ਕਿਲ ਨਜ਼ਰ ਆਉਂਦਾ ਹੈ।